# ਦਫਤਰ ਨਗਰ ਨਿਗਮ ਹੁਸ਼ਿਆਰਪੁਰ
# ਪ੍ਰੈਸ ਨੋਟ

## ਜਾਇਦਾਦ ਟੈਕਸ ਦੀ ਬ੍ਰਾਂਚ ਸ਼ਨੀਵਾਰ 25 ਮਾਰਚ ਨੂੰ ਛੁੱਟੀ ਵਾਲੇ ਦਿਨ ਵੀ ਖੁੱਲੀ ਰਹੇਗੀ ........ਕਾਰਜ ਸਾਧਕ ਅਫਸਰ, ਰਮੇਸ਼ ਕੁਮਾਰ

ਹੁਸ਼ਿਆਰਪੁਰ 24 ਮਾਰਚ ਨਗਰ ਨਿਗਮ ਦੇ ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਾਇਦਾਦ ਮਾਲਕਾਂ ਦੀ ਸਹੂਲਤ ਲਈ ਨਗਰ ਨਿਗਮ ਦੀ ਪ੍ਰਾਪਰਟੀ ਸ਼ਾਖਾ ਸ਼ਨੀਵਾਰ ਛੁੱਟੀ ਵਾਲੇ ਦਿਨ ਮਿਤੀ 25 ਮਾਰਚ ਨੂੰ ਆਮ ਦਿਨਾਂ ਵਾਗ ਖੁੱਲੀ ਰਹੇਗੀ ਅਤੇ ਇਸ ਸ਼ਾਖਾ ਦੇ ਕਰਮਚਾਰੀ ਪ੍ਰਾਪਰਟੀ ਟੈਕਸ ਜਮ੍ਹਾ ਕਰਨ ਲਈ ਹਾਜਰ ਰਹਿਣਗੇ। ਉਹਨਾਂ ਸ਼ਹਿਰ ਵਾਸੀਆਂ ਨੂੰ ਕਿਹਾ ਕਿ ਉਹ ਆਪਣੇ ਪ੍ਰਾਪਰਟੀ ਟੈਕਸ ਦੀ ਬਣਦੀ ਰਕਮ 25 ਮਾਰਚ ਛੁੱਟੀ ਵਾਲੇ ਦਿਨ ਵੀ ਜਮ੍ਹਾ ਕਰਵਾ ਸਕਦੇ ਹਨ।

ਕਾਰਜ ਸਾਧਕ ਅਫਸਰ ਨਗਰ ਨਿਗਮ ਹੁਸ਼ਿਆਰਪੁਰ ਨੇ ਸ਼ਹਿਰ ਨਿਵਾਸੀਆਂ ਨੂੰ ਕਿਹਾ ਕਿ ਉਹ ਆਪਣੀ ਜਾਇਦਾਦ ਦੇ ਪ੍ਰਾਪਰਟੀ ਟੈਕਸ ਦੀ ਬਣਦੀ ਰਕਮ 31 ਮਾਰਚ 2017 ਤੱਕ ਨਗਰ ਨਿਗਮ ਦੇ ਦਫਤਰ ਵਿਖੇ ਜਮਾਂ ਕਰਵਾਉਣ ਇਹ ਰਾਸ਼ੀ ਜਮਾਂ ਨਾ ਕਰਵਾਉਣ ਵਾਲੇ ਜਾਇਦਾਦਾਂ ਦੇ ਮਾਲਕਾਂ ਦੀ ਜਾਇਦਾਦ ਸੀਲ ਕਰਨ ਸਬੰਧੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।